ਪਾਠ-1

# ਮੇਰੀ ਮਾਂ



ਪਿਆਰੀ-ਪਿਆਰੀ ਮੇਰੀ ਮਾਂ,
ਠੰਢੀ-ਮਿੱਠੀ ਇਸ ਦੀ ਛਾਂ।
ਕਿੰਨਾ ਮੈਨੂੰ ਲਾਡ ਲਡਾਉਂਦੀ,
ਕੁੱਛੜ ਚੁੱਕ-ਚੁੱਕ ਖ਼ੂਬ ਖਿਡਾਉਂਦੀ।
ਲੋਰੀਆਂ ਨਾਲ਼ ਸੁਆਂਉਂਦੀ ਮੈਨੂੰ,

ਗਾ-ਗਾ ਗੀਤ ਜਗਾਉਂਦੀ ਮੈਨੂੰ।
'ਚਿੜੀ, ਕਬੂਤਰ', 'ਅਹੁ ਏ ਕਾਂ,'
ਮੁੜ-ਮੁੜ ਦੱਸਿਆ ਇੱਕ-ਇੱਕ ਨਾਂ।
ਜਿਹੜੀ ਹੁੰਦੀ ਰੁੱਖ ਦੀ ਛਾਂ,
ਮਾਂ ਤੋਂ ਗੂੜ੍ਹੀ ਹੁੰਦੀ ਨਾ।





ਮਾਂ ਦਾ ਦੇਣ ਮੈਂ ਕਿਵੇਂ ਚੁਕਾਵਾਂ ?
ਹਰ ਪਲ ਆਪਣਾ ਸੀਸ ਝੁਕਾਵਾਂ।
ਦੱਸੀਆਂ ਮਾਂ ਦੀਆਂ ਚੰਗੀਆਂ ਗੱਲਾਂ
ਉਸ 'ਤੇ ਮੈਂ ਹਰ ਵੇਲ਼ੇ ਚੱਲਾਂ।
ਹਰ ਮਾਂ ਦਾ ਨਾਂ ਹੋਵੇ ਉੱਚਾ,
'ਮਾਂ' ਸ਼ਬਦ ਜਿਉਂ ਡਾਢਾ ਸੁੱਚਾ।

## ਪਾਠ-ਅਭਿਆਸ



1. ਮੌਖਿਕ ਪ੍ਰਸ਼ਨ :—

(ੳ) ਤੁਹਾਡੇ ਮਾਤਾ ਜੀ ਦਾ ਕੀ ਨਾਂ ਹੈ?

(ਅ) ਤੁਹਾਡੇ ਮਾਤਾ ਜੀ ਤੁਹਾਡੇ ਲਈ ਕੀ ਕਰਦੇ ਹਨ?

(ੲ) ਕੁੱਛੜ ਚੁੱਕ-ਚੁੱਕ ਕੌਣ ਖਿਡਾਉਂਦੀ ਹੈ?

(ਸ) ਮਾਂ ਕਿਹੜੀਆਂ ਗੱਲਾਂ ਦੱਸਦੀ ਹੈ?

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਕਿੰਨਾ ਮੈਨੂੰ ............ ਲਡਾਉਂਦੀ। ( ਕੁੱਛੜ / ਲਾਡ )

(ਅ) ਜਿਹੜੀ ਹੁੰਦੀ ............ ਦੀ ਛਾਂ। ( ਰੁੱਖ / ਚਿੜੀ )

(ੲ) ਹਰ ਪਲ ਆਪਣਾ ............ ਝੁਕਾਵਾਂ। ( ਸੀਸ / ਲੋਰੀਆਂ )

(ਸ) ਦੱਸੀਆਂ ਮਾਂ ਦੀਆਂ ............ ਗੱਲਾਂ। ( ਚੰਗੀਆਂ / ਮੰਦੀਆਂ )

(ਹ) 'ਮਾਂ' ਸ਼ਬਦ ਜਿਉਂ ਡਾਢਾ ............ । ( ਸੁੱਚਾ / ਉੱਚਾ )

3. ਸਮਝੋ ਅਤੇ ਲਿਖੋ :

ਚਿੜੀ = ਚਿੜੀਆਂ

ਲੋਰੀ = ............

ਚੰਗੀ = ............

ਪਿਆਰੀ = ............



4. ਹੇਠਾਂ ਲਿਖੀਆਂ ਸਤਰਾਂ ਪੂਰੀਆਂ ਕਰੋ :—

(ੳ) ਪਿਆਰੀ – ਪਿਆਰੀ ਮੇਰੀ ਮਾਂ,

ਠੰਢੀ–ਮਿੱਠੀ ............

(ਅ) ਲੋਰੀਆਂ ਨਾਲ਼ ਸੁਆਂਉਂਦੀ ਮੈਨੂੰ,

ਗਾ–ਗਾ ਗੀਤ ............

5. **ਸੁੰਦਰ ਕਰ ਕੇ ਲਿਖੋ :—**

ਪਿਆਰੀ-ਪਿਆਰੀ ਮੇਰੀ ਮਾਂ,

ਠੰਢੀ-ਮਿੱਠੀ ਇਸ ਦੀ ਛਾਂ।

6. **ਪਾਠ ਵਿੱਚ ਕੰਨਾ (ਾ) ਮਾਤਰਾ ਵਾਲ਼ੇ ਸ਼ਬਦ ਅਲੱਗ ਕਰ ਕੇ ਲਿਖੋ।**

## ਅਧਿਆਪਕ ਲਈ ਨਿਰਦੇਸ਼

ਅਧਿਆਪਕ ਦੁਆਰਾ ਬੱਚਿਆਂ ਨਾਲ ਚੰਗੇ-ਮਾੜੇ ਸਪਰਸ਼ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਅਨਜਾਣ ਵਿਅਕਤੀਆਂ ਤੋਂ ਦੂਰੀ ਬਣਾਈ ਰੱਖਣ ਸੰਬੰਧੀ ਜਾਗਰੂਕ ਕੀਤਾ ਜਾਵੇਗਾ।



**ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਆਪਣੀ ਜਮਾਤ ਵਿੱਚ ਸੁਣਾਓ।**